# ਜਿਸ ਦਿਨ ਮੈਂ ਸ਼ਹਿਰ ਲਈ ਘਰ ਛੱਡਿਆ

# Le jour que je quitta la maison pour la ville

Lesley Koyi, Ursula Nafula
Brian Wambi
Anu Gill
Punjabi / French
Level 3

(imageless edition)

ਮੇਰੇ ਪਿੰਡ ਦਾ ਛੋਟਾ ਬੱਸ ਸਟਾਪ ਲੋਕਾਂ ਅਤੇ ਓਵਰਲੋਡ ਬੱਸਾਂ ਨਾਲ ਰੁੱਝਿਆ ਹੋਇਆ ਸੀ। ਜ਼ਮੀਨ ਤੇ ਹੋਰ ਵੀ ਚੀਜ਼ਾਂ ਲੋਡ ਕਰਨ ਵਾਲੀਆਂ ਪਈਆਂ ਸਨ। ਟਾਊਟ ਰੌਲਾ ਪਾ ਕੇ ਬੱਸਾਂ ਕਿੱਥੇ ਜਾ ਰਹੀਆਂ ਹਨ ਦੱਸ ਰਹੇ ਸਨ।

...

Le petit arrêt d'autobus dans mon village était occupé avec des tas de gens et des autobus surchargés. Sur le sol il y avait encore plus de choses à charger. Les revendeurs de billets criaient les noms des endroits que leurs autobus allaient.

“ਸ਼ਹਿਰ! ਸ਼ਹਿਰ! ਪੱਛਮ ਵੱਲ!” ਮੈਂ ਇੱਕ ਟਾਊਟ ਰੋਲਾ ਪਾਉਂਦਾ ਸੁਣਿਆ। ਮੈਨੂੰ ਉਹ ਬੱਸ ਫੜਨ ਦੀ ਲੋੜ ਸੀ।

...

« Ville ! Ville ! Direction ouest ! » J’entendis un revendeur de billets crier. C’était l’autobus que je devais prendre.

ਸ਼ਹਿਰ ਵੱਲ ਦੀ ਬੱਸ ਲਗਭਗ ਭਰੀ ਹੋਈ ਸੀ, ਪਰ ਹੋਰ ਲੋਕ ਅਜੇ ਵੀ ਚੜਣ ਲਈ ਧੱਕੇ ਦੇ ਰਹੇ ਸਨ। ਕੁਝ ਲੋਕਾਂ ਨੇ ਬੱਸ ਦੇ ਥੱਲੇ ਆਪਣਾ ਸਾਮਾਨ ਰੱਖਿਆ ਅਤੇ ਹੋਰਾਂ ਨੇ ਅੰਦਰ ਸ਼ੈਲਫਾਂ ਤੇ ਸਮਾਨ ਟਕਾਇਆ।

...

L’autobus de ville était presque plein, mais plus de personnes poussaient encore pour embarquer. Quelques-unes chargèrent leurs valises sous l’autobus. D’autres mirent les leurs sur les étagères à l’intérieur.

ਨਵੇਂ ਯਾਤਰੀ ਹੱਥਾਂ ਵਿੱਚ ਟਿਕਟਾਂ ਫ਼ੜੀ, ਭੀੜੀ ਬੱਸ ਵਿਚ ਬੈਠਣ ਲਈ ਜਗ੍ਹਾ ਲੱਭ ਰਹੇ ਸਨ। ਮਹਿਲਾਵਾਂ ਆਪਣੇ ਨੌਜਵਾਨ ਬੱਚਿਆਂ ਨੂੰ ਲੰਬੇ ਸਫ਼ਰ ਲਈ ਸੁਖਮਈ ਬਣਾ ਰਹੀਆਂ ਸਨ।

...

Des nouveaux passagers agrippaient leurs billets tandis qu’ils cherchaient un endroit pour s’asseoir dans l’autobus. Des femmes avec des jeunes enfants les ont rendus confortable pour le long voyage.

ਮੈਂ ਇੱਕ ਖਿੜਕੀ ਨਾਲ ਕੁਚਲ ਕੇ ਬੈਠ ਗਿਆ। ਮੇਰੇ ਨਾਲ ਇੱਕ ਵਿਅਕਤੀ ਹਰੇ ਪਲਾਸਟਿਕ ਬੈਗ ਨੂੰ ਘੁੱਟ ਕੇ ਫੜੀ ਬੈਠਾ ਸੀ। ਉਸ ਨੇ ਪੁਰਾਣੀ ਜੁੱਤੀ ਅਤੇ ਘਸਿਆ ਕੋਟ ਪਾਇਆ ਹੋਇਆ ਸੀ ਅਤੇ ਉਹ ਘਬਰਾਇਆ ਹੋਇਆ ਦਿੱਖ ਰਿਹਾ ਸੀ।

...

Je me suis tassé à côté d’une fenêtre. La personne à côté de moi tenait un sac vert en plastique fermement. Il portait des vieilles sandales, un manteau usé, et il semblait nerveux.

ਮੈਂ ਬੱਸ ਤੋਂ ਬਾਹਰ ਵੇਖ ਕੇ ਸੋਚਿਆ ਕਿ ਮੈਂ ਆਪਣਾ ਪਿੰਡ ਛੱਡ ਕੇ ਚਲਿਆ ਸੀ, ਜਿੱਥੇ ਮੈਂ ਵੱਡਾ ਹੋਇਆ ਸੀ। ਮੈਂ ਵੱਡੇ ਸ਼ਹਿਰ ਨੂੰ ਜਾ ਰਿਹਾ ਸੀ।

...

Je regarda à l’extérieur de l’autobus et je réalisa que je quittait mon village, l’endroit où j’avais grandit. Je me rendais à la grande ville.

ਲੋਡਿੰਗ ਪੂਰੀ ਹੋ ਗਈ ਸੀ ਅਤੇ ਸਾਰੇ ਯਾਤਰੀ ਬੈਠ ਗਏ ਸਨ। ਵਪਾਰੀ ਹਾਲੇ ਵੀ ਯਾਤਰੀਆਂ ਨੂੰ ਆਪਣਾ ਮਾਲ ਵੇਚਣ ਲਈ ਅੰਦਰ ਘੁਸ ਰਹੇ ਸਨ। ਹਰ ਇੱਕ ਵਪਾਰੀ ਉਪਲਬਧ ਸਮਾਨ ਦਾ ਨਾਮ ਲੈ ਕੇ ਹੋਕਾ ਦੇ ਰਿਹਾ ਸੀ। ਮੈਨੂੰ ਉਹਨਾਂ ਦੇ ਸ਼ਬਦ ਹਸਾਉਣ ਵਾਲੇ ਲਗੇ।

...

Le chargement était complet et tous les passagers étaient assis. Des colporteurs se frayaient encore un passage dans l’autobus pour vendre leurs marchandises aux passagers. Chacun criait les noms des articles disponibles. Les mots me semblaient drôles.

ਕੁਝ ਯਾਤਰੀਆਂ ਨੇ ਪੀਣ ਨੂੰ ਖਰੀਦਿਆ, ਹੋਰਾਂ ਨੇ ਛੋਟੇ ਸਨੈਕਸ ਖਰੀਦੇ ਅਤੇ ਚੱਬਣ ਲਗ ਪਏ। ਮੇਰੇ ਵਰਗੇ, ਜਿੰਨ੍ਹਾਂ ਕੋਲ ਪੈਸੇ ਨਹੀਂ ਸਨ ਦੇਖਦੇ ਹੀ ਰਹੇ।

...

Quelques passagers achetèrent des breuvages, d’autres achetèrent des petites collations et commencèrent à manger. Ceux qui n’avaient pas d’argent, comme moi, observaient seulement.

ਇਹ ਸਾਰੇ ਕੰਮ ਬੱਸ ਦੀ ਹੂਟ ਨਾਲ ਰੁੱਕ ਗਏ ਜਿਸ ਦਾ ਮਤਲਬ ਸੀ ਕਿ ਬੱਸ ਚਲਣ ਵਾਲੀ ਹੈ। ਟਾਊਟਾਂ ਨੇ ਵਪਾਰੀਆ◌ਾ◌ਂ ਨੂੰ ਬਾਹਰ ਜਾਣ ਲਈ ਅਵਾਜ਼ ਦਿੱਤੀ।

...

Ces activités ont été interrompues par le klaxonne-ment de l’autobus, un signe que nous étions prêts à partir. Le revendeur de billets cria aux colporteurs de sortir.

ਵਪਾਰੀ ਬੱਸ ਦੇ ਬਾਹਰ ਜਾਣ ਲਈ ਇੱਕ-ਦੂਜੇ ਨੂੰ ਧੱਕੇ ਦੇ ਰਹੇ ਸੀ। ਕੁਝ ਯਾਤਰੀਆਂ ਨੂੰ ਭਾਨ ਵਾਪਸ ਦੇ ਰਹੇ ਸਨ। ਹੋਰ ਆਖਰੀ ਮਿੰਟ ਵਿੱਚ ਹੋਰ ਸਮਾਨ ਵੇਚਣ ਦੀ ਕੋਸ਼ਿਸ਼ ਕਰ ਰਹੇ ਸਨ।

...

Les colporteurs se poussaient pour sortir de l’autobus. Quelques-uns ont redonné de la monnaie au voyageurs. D’autres ont fait des tentatives de dernière minute pour vendre d’autres articles.

ਜਿਉਂ ਹੀ ਸਟਾਪ ਤੋਂ ਬੱਸ ਤੁਰੀ, ਮੈਂ ਖਿੜਕੀ ਦੇ ਬਾਹਰ ਤਾੜ ਰਿਹਾ ਸੀ। ਮੈਂ ਸੋਚਿਆ ਜੇ ਮੈਂ ਕਦੇ ਮੁੜ ਕੇ ਵਾਪਸ ਮੇਰੇ ਪਿੰਡ ਵੱਲ ਆਵਾਂਗਾ।

...

Lorsque l’autobus quitta l’arrêt, j’ai fixé mon regard par la fenêtre. Je me demandais si je retournerais à mon village un jour.

ਸਫ਼ਰ ਦੇ ਵਾਧੇ ਨਾਲ, ਬੱਸ ਦੇ ਅੰਦਰ ਬਹੁਤ ਗਰਮੀ ਹੋ ਗਈ ਸੀ। ਸੌਣ ਦੀ ਉਮੀਦ ਵਿੱਚ, ਮੈਂ ਆਪਣੀਆਂ ਅੱਖਾਂ ਨੂੰ ਬੰਦ ਕੀਤਾ।

...

Alors que le voyage avançait, l’intérieur de l’autobus est devenu très chaud. J’ai fermé les yeux en espérant de dormir.

ਪਰ ਮੇਰਾ ਮਨ ਵਾਪਸ ਘਰ ਵੱਲ ਗਿਆ। ਕੀ ਮੇਰੀ ਮਾਂ ਸੁਰੱਖਿਅਤ ਰਹੇਗੀ? ਕੀ ਮੇਰੇ ਖਰਗੋਸ਼ ਕੋਈ ਪੈਸਾ ਪ੍ਰਾਪਤ ਕਰਨਗੇ? ਕੀ ਮੇਰਾ ਭਰਾ ਮੇਰੇ ਰੁੱਖਾਂ ਦੇ ਬੂਟਿਆਂ ਨੂੰ ਪਾਣੀ ਦੇਣਾ ਯਾਦ ਰੱਖੇਗਾ?

...

Mais ma tête revenait toujours à des pensées de chez moi. Est-ce que ma mère sera en sécurité ? Est-ce que me lapins rapporteront de l’argent ? Est-ce que mon frère se souviendra d’arroser mes semis d’arbres ?

ਰਸਤੇ ਵਿੱਚ, ਮੈਂ ਉਸ ਜਗ੍ਹਾ ਦਾ ਨਾਮ ਯਾਦ ਕਰ ਰਿਹਾ ਸੀ ਜਿੱਥੇ ਮੇਰੇ ਚਾਚਾ ਜੀ ਵੱਡੇ ਸ਼ਹਿਰ ਵਿਚ ਰਹਿੰਦੇ ਸਨ। ਮੈਂ ਅਜੇ ਵੀ ਬੁੜ-ਬੜ੍ਹਾ ਰਿਹਾ ਸੀ ਜਦ ਮੈਨੂੰ ਨੀਂਦ ਆ ਗਈ।

...

En chemin, j’ai mémorisé le nom de l’endroit où mon oncle vivait dans la grande ville. Je le marmonnais encore lorsque je me suis endormis.

ਨੌਂ ਘੰਟੇ ਬਾਅਦ, ਉੱਚੇ ਖੜਕੇ ਅਤੇ ਪਿੰਡ ਨੂੰ ਵਾਪਸ ਜਾ ਰਹੇ ਯਾਤਰੀਆਂ ਲਈ ਹਾਕਾਂ ਨਾਲ ਮੇਰੀ ਅੱਖ ਖੁਲ ਗਈ। ਮੈਂ ਆਪਣੇ ਛੋਟੇ ਬੈਗ ਨੂੰ ਫੜ੍ਹਿਆ ਅਤੇ ਬੱਸ ਦੇ ਬਾਹਰ ਛਾਲ ਮਾਰੀ।

...

Neuf heures plus tard, je me suis réveillé au bruit de quelqu’un qui appelait les passagers qui retournaient au village. J’ai ramassé mon petit sac et j’ai sauté de l’autobus.

ਵਾਪਸੀ ਵਾਲੀ ਬੱਸ ਜਲਦੀ ਭਰ ਗਈ। ਜਲਦੀ ਇਹ ਬੱਸ ਵਾਪਸ ਪੂਰਬ ਵੱਲ ਜਾਵੇਗੀ। ਹੁਣ ਮੇਰੇ ਲਈ ਸਭ ਤੋਂ ਮਹੱਤਵਪੂਰਨ ਗੱਲ ਮੇਰੇ ਚਾਚੇ ਦੇ ਘਰ ਦੀ ਤਲਾਸ਼ ਸ਼ੁਰੂ ਕਰਨ ਵਾਲੀ ਸੀ।

...

L’autobus de retour se remplissait rapidement. Bientôt il partirait vers l’est. La chose la plus importante pour moi maintenant était de commencer à chercher la maison de mon oncle.

# Storybooks Canada

storybookscanada.ca

## ਜਿਸ ਦਿਨ ਮੈਂ ਸ਼ਹਿਰ ਲਈ ਘਰ ਛੱਡਿਆ

## Le jour que je quitta la maison pour la ville

Written by: Lesley Koyi, Ursula Nafula
Illustrated by: Brian Wambi
Translated by: (pa) Anu Gill, (fr) Alexandra Danahy

This story originates from the African Storybook (africanstorybook.org) and is brought to you by Storybooks Canada in an effort to provide children's stories in Canada's many languages.

This work is licensed under a Creative Commons Attribution 4.0 International License.